## ਡਾਇਰੈਕਟੋਰੇਟ ,ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ,

ਸਿਖਿਆ ਭਵਨ, ਈ ਬਲਾਕ, 7ਵੀਂ ਮੰਜਿਲ, ਐਸ ਏ ਐਸ ਨਗਰ

### ਹੁਕਮ

ਨੰ:4ਐਮ.ਈ.2.ਪੰ:-2015/ 9791 ਮਿਤੀ:- 08-06-15

ਸਰਕਾਰੀ ਕਾਲਜ ਆਫ ਨਰਸਿੰਗ ਅਮ੍ਰਿਤਸਰ ਅਤੇ ਪਟਿਆਲਾ ਵਿਖੇ ਟੀਚਿੰਗ ਅਸਾਮੀਆਂ ਨੂੰ ਭਰਨ ਲਈ ਇਸ ਦਫਤਰ ਦੇ ਪੱਤਰ ਨੰ: 4 ਐਮ ਈ 2-ਪੰ-2015/ 1815-1872 ਮਿਤੀ 21-5-2015 ਰਾਹੀਂ ਅਰਜੀਆਂ ਮਗੀਆਂ ਗਈਆਂ ਹਨ। ਇਸ ਸੰਬਧੀ ਕਾਲਜ ਆਫ ਨਰਸਿੰਗ, ਅਮ੍ਰਿਤਸਰ ਅਤੇ ਪਟਿਆਲਾ ਵਿਖੇ ਕੰਮ ਮੌਜੂਦਾ ਤੌਰ ਤੇ ਕੰਮ ਕਰ ਰਹੀ ਕਰਮਚਾਰਨਾਂ ਨੂੰ ਤਜਰਬਾ ਹੇਠ ਲਿਖੇ ਅਨੁਸਾਰ ਦਿੱਤਾ ਜਾਣਾ ਹੈ:-

(ੳ) ਪ੍ਰੋਫੈਸਰ ਅਤੇ ਐਸੋਸੀਏਟ ਪ੍ਰੋਫੈਸਰ ਦੀ ਅਸਾਮੀ ਲਈ

- ਜਿਹਨਾਂ ਕਰਮਚਾਰਨਾਂ ਪਾਸ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਦੇ ਹੋਂਦ ਵਿਚ ਆਉਣ ਤੋਂ ਬਾਅਦ, ਭਾਵ ਸਾਲ 2003-04 ਤੋਂ ਬਾਅਦ, ਦਾ ਪੜਾਉਣ ਦਾ ਤਜਰਬਾ ਹੈ, ਉਹ ਅਗੇ ਤਰੱਕੀ ਲਈ ਗਿਣਿਆ ਜਾਵੇਗਾ।
- ਬੀ ਐਸ ਸੀ (ਨਰਸਿੰਗ) ਯੋਗਤਾ ਨਾਲ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਕੀਤੀ ਸੇਵਾ ਦਾ ਕੇਵਲ 3 ਸਾਲ ਦਾ ਲਾਭ ਹੀ ਦਿੱਤਾ ਜਾਵੇਗਾ ਬਸ਼ਰਤੇ ਕਿ ਕਰਮਚਾਰਨ ਨੇ ਸਬੰਧਤ ਵਿਸੇ ਵਿਚ ਐਮ ਐਸ ਸੀ ਨਰਸਿੰਗ ਕੀਤੀ ਹੋਵੇ।
- ਇਸ ਤੋਂ ਬਾਅਦ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਐਮ ਐਸ ਸੀ (ਨਰਸਿੰਗ) ਵਿਦਿਅਕ ਯੋਗਤਾ ਨਾਲ ਕੀਤੀ ਸੇਵਾ ਦਾ ਲਾਭ ਅਗਲੀ ਅਸਾਮੀ ਐਸੋਸੀਏਟ ਪ੍ਰੋਫੈਸਰ ਜਾਂ ਪ੍ਰੋਫੈਸਰ ਲਈ ਗਿਣਿਆ ਜਾਵੇਗਾ।
- ਭਾਵ ਪ੍ਰੋਫੈਸਰ ਦੀ ਅਸਾਮੀ ਲਈ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਕੀਤੀ ਸੇਵਾ ਵਿਚ 3 ਸਾਲ ਬੀ ਐਸ ਸੀ ਨਰਸਿੰਗ ਯੋਗਤਾ ਨਾਲ ਕੀਤੀ ਸੇਵਾ ਅਤੇ 9 ਸਾਲ ਐਮ ਐਸ ਸੀ ਨਰਸਿੰਗ ਨਾਲ ਕੀਤੀ ਸੇਵਾ ਨੂੰ ਵਿਚਾਰੀਆ ਜਾਣਾ ਹੈ ਅਤੇ ਐਸੋਸੀਏਟ ਪ੍ਰੋਫੈਸਰ ਦੀ ਅਸਾਮੀ ਲਈ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਕੀਤੀ ਸੇਵਾ ਵਿਚ 3 ਸਾਲ ਬੀ ਐਸ ਸੀ ਨਰਸਿੰਗ ਅਤੇ 5 ਸਾਲ ਐਮ ਐਸ ਸੀ ਨਰਸਿੰਗ ਨੂੰ ਵਿਚਾਰੀਆ ਜਾਣਾ ਹੈ। ਇੱਥੇ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਦੇ ਹੋਂਦ ਤੋਂ ਬਾਅਦ ਜੇਕਰ ਸਾਰੀ ਸੇਵਾ ਐਮ ਐਸ ਸੀ (ਨਰਸਿੰਗ) ਨਾਲ ਹੈ ਤਾਂ ਸਾਰਾ ਸਮਾਂ ਟੀਚਿੰਗ ਤਜਰਬੇ ਤੌਰ ਤੇ ਵਰਤਿਆ ਜਾਵੇਗਾ।

(ਅ) ਸਹਾਇਕ ਪ੍ਰੋਫੈਸਰ ਦੀ ਅਸਾਮੀ ਲਈ

- ਐਮ ਐਸ ਸੀ (ਨਰਸਿੰਗ ) ਯੋਗਤਾ ਨਾਲ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਕੀਤੀ ਸੇਵਾ ਦਾ ਕੇਵਲ 3 ਸਾਲ ਦਾ ਲਾਭ ਸਹਾਇਕ ਪ੍ਰੋਫੈਸਰ ਦੀ ਅਸਾਮੀ ਲਈ ਹੀ ਦਿੱਤਾ ਜਾਵੇਗਾ। ਜੇਕਰ ਕਰਮਚਾਰਨ ਨੇ ਐਮ ਐਸ ਸੀ ਨਰਸਿੰਗ ਕੀਤੀ ਹੈ ਤਾਂ ਬੀ ਐਸ ਸੀ ਨਰਸਿੰਗ ਨਾਲ ਕਾਲਜ ਆਫ ਨਰਸਿੰਗ ਵਿਚ ਕੀਤੀ ਸੇਵਾ ਵਿਚੋਂ ਬੀ ਐਸ ਸੀ ਨਰਸਿੰਗ ਨਾਲ 3 ਸਾਲ ਦੀ ਸੇਵਾ ਨੂੰ ਤਰੱਕੀ ਲਈ ਗਿਣਿਆ ਜਾਵੇਗਾ।

8/6/15

(ੲ) <u>ਟਿਊਟਰ ਦੀ ਅਸਾਮੀ ਲਈ</u>

ਵਿਭਾਗ ਦੇ ਡਰਾਫਟ ਰੂਲਾਂ ਅਨੁਸਾਰ ਟਿਊਟਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਐਮ ਐਸ ਸੀ (ਨਰਸਿੰਗ) ਰਖੀ ਗਈ ਹੈ। ਇਸ ਸੰਬਧ ਵਿਚੰ ਇਹ ਸਪਸਟ ਕੀਤਾ ਜਾਂਦਾ ਹੈ ਕਿ ਕਾਲਜ ਆਫ ਨਰਸਿੰਗ, ਅਮ੍ਰਿਤਸਰ ਅਤੇ ਪਟਿਆਲਾ ਵਿਖੇ ਨਰਸਿੰਗ ਟੀਚਿੰਗ ਫੈਕਲਟੀ ਲਈ ਤਿਆਰ ਕੀਤੇ ਗਏ ਡਰਾਫਟ ਰੂਲਾਂ ਵਿਚ ਟਿਊਟਰ ਦੀ ਅਸਾਮੀ ਲਈ ਘੱਟੋ-ਘੱਟ ਵਿਦਿਅਕ ਯੋਗਤਾ ਐਮ ਐਸ ਸੀ ਨਰਸਿੰਗ ਰਖੀ ਹੈ ਕਿਉਂਜੋ ਇੰਡੀਅਨ ਨਰਸਿੰਗ ਕੌਂਸਲ, ਨਵੀਂ ਦਿੱਲੀ ਦੇ ਨਾਰਮਜ ਅਨੁਸਾਰ ਕਾਲਜ ਆਫ ਨਰਸਿੰਗ ਵਿਚ ਸਹਾਇਕ ਪ੍ਰੋਫੈਸਰ ਜਾਂ ਇਸ ਤੋਂ ਉਪਰ ਦੀ ਅਸਾਮੀ ਤੇ ਨਿਯੁਕਤੀ ਲਈ ਐਮ ਐਸ ਸੀ ਨਰਸਿੰਗ ਜਰੂਰੀ ਹੈ। ਇੰਡੀਅਨ ਨਰਸਿੰਗ ਕੌਂਸਲ, ਨਵੀਂ ਦਿੱਲੀ ਦੇ ਇਸ ਉਪਬੰਧ ਨੂੰ ਧਿਆਨ ਵਿਚ ਰਖਦੇ ਹੋਏ ਟਿਊਟਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਐਮ ਐਸ ਸੀ ਨਰਸਿੰਗ ਰਖੀ ਗਈ ਹੈ ਤਾਂ ਜੋ ਸਹਾਇਕ ਪ੍ਰੋਫੈਸਰ ਜਾਂ ਇਸ ਤੋਂ ਉਪਰ ਦੀ ਅਸਾਮੀ ਨੂੰ ਟਿਊਟਰ ਦੀ ਅਸਾਮੀ ਵਿਚੋਂ ਤਰੱਕੀ ਰਾਹੀਂ ਭਰਿਆ ਜਾ ਸਕੇ। ਇਹ ਦੋਵੇਂ ਕਾਲਜਾਂ ਵਿਚ ਸਰਕਾਰ ਵਲੋਂ ਐਮ ਐਸ ਸੀ ਅਤੇ ਸੁਪਰ-ਸਪੈਸਲਿਟੀ ਕੋਰਸ ਸੁਰੂ ਕਰਨ ਦੀ ਤਜਵੀਜ ਹੈ ਅਤੇ ਸਰਕਾਰ ਨਰਸਿੰਗ ਸਿਖਿਆ ਦਾ ਮਿਆਰ ਉੱਚਾ ਚੁੱਕਣਾ ਚਾਹੁੰਦੀ ਹੈ ਅਤੇ ਸਰਕਾਰ ਦੋਵੇਂ ਕਾਲਜਾਂ ਵਿਚ ਨਰਸਿੰਗ ਵਿਦਿਆਰਥਣਾਂ ਨੂੰ ਚੰਗੀ ਸਿਖਿਆ ਦੇਣਾ ਚਾਹੁੰਦੀ ਹੈ। ਇਸ ਲਈ ਲੋਕ ਹਿਤ ਵਿਚ ਟਿਊਟਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਐਮ ਐਸ ਸੀ ਨਰਸਿੰਗ ਰਖੀ ਗਈ ਹੈ।

ਇਸ ਸਮੇਂ ਕਾਲਜ ਆਫ ਨਰਸਿੰਗ ਵਿਚ ਕੁਝ ਕਰਮਚਾਰਨਾਂ ਬੀ ਐਸ ਸੀ ਵਿਦਿਅਕ ਯੋਗਤਾ ਦੇ ਨਾਲ ਆਪਣੇ ਹੀ ਤਨਖਾਹ ਸਕੇਲ ਵਿਚ ਕੰਮ ਕਰ ਰਹੀਆਂ ਹਨ, ਇਹਨਾਂ ਕਰਮਚਾਰਨਾਂ ਨੂੰ ਕਾਲਜ ਆਫ ਨਰਸਿੰਗ ਅਮ੍ਰਿਤਸਰ ਅਤੇ ਪਟਿਆਲਾ ਵਿਖੇ ਅਗੇ ਤਰੱਕੀ ਲਈ ਮੌਕਾ ਦੇਣ ਵਾਸਤੇ ਐਮ ਐਸ ਸੀ ਨਰਸਿੰਗ ਕਰਨ ਦਾ ਮੌਕਾ ਦਿੱਤਾ ਗਿਆ ਹੈ। ਜਿਸ ਬਾਰੇ ਇਸ ਦਫਤਰ ਦੇ ਪੱਤਰ ਨੰ; 4 ਐਮ ਈ 2-ਪੰ-2015/ 8239- 8350 ਮਿਤੀ 21-5-2015 ਰਾਹੀਂ ਪੱਤਰ ਜਾਰੀ ਕਰਕੇ ਅਰਜੀਆਂ ਦੀ ਮੰਗ ਕੀਤੀ ਗਈ ਹੈ ਅਤੇ ਇਸ ਵਿਚ ਬੀ ਐਸ ਸੀ ਪਾਸ ਕਰਮਚਾਰਨਾਂ ਨੂੰ ਐਮ ਐਸ ਸੀ ਨਰਸਿੰਗ ਕਰਨ ਦੀ ਹੇਠ ਲਿਖੀਆਂ ਸਰਤਾਂ ਤੇ ਪਰਵਾਨਗੀ ਦੇਣ ਦੀ ਤਜਵੀਜ ਜਾਰੀ ਕੀਤੀ ਗਈ ਹੈ:-

(ੳ) ਇਹਨਾਂ ਕਰਮਚਾਰਨਾਂ ਨੂੰ ਸੀਨੀਆਰਤਾ ਅਤੇ ਤਜਰਬੇ ਦੇ ਆਧਾਰ ਤੇ ਹੀ ਨਿਯੁਕਤ ਕੀਤਾ ਜਾਵੇਗਾ।

(ਅ) ਇਹਨਾਂ ਕਰਮਚਾਰਨਾਂ ਨੂੰ 5 ਸਾਲ ਦੇ ਸਮੇਂ ਦੇ ਅੰਦਰ-2 ਐਮ ਐਸ ਸੀ ਨਰਸਿੰਗ ਕਰਨੀ ਹੋਵੇਗੀ ਕਿਉਂਜੋਂ ਨਰਸਿੰਗ ਕਾਡਰ ਵਿਚ ਐਮ ਐਸ ਸੀ ਪਾਸ ਹੋਣ ਤੇ ਹੀ ਉਪਰਲੀ ਅਸਾਮੀ ਤੇ ਤਰੱਕੀ ਲਈ ਵਿਚਾਰਿਆ ਜਾ ਸਕਦਾ ਹੈ। ਇਹ ਐਮ ਐਸ ਸੀ ਉਸ ਵਿਸੇ ਵਿਚ ਹੀ ਕਰਨ ਦੀ ਪਰਵਾਨਗੀ ਹੋਵੇਗੀ ਜਿਸ ਸਪੈਸਲਿਟੀਂ ਵਿਚ ਨਰਸਿੰਗ ਟੀਚਰ ਘੱਟ ਹਨ। ਇਸ ਐਮ ਐਸ ਸੀ ਦੇ ਸਮੇਂ ਨੂੰ ਸੱਟਡੀ ਲੀਵ ਮੰਨਿਆ ਜਾਵੇਗਾ ਅਤੇ ਇਹਨਾਂ ਕਰਮਚਾਰਨਾਂ ਨੂੰ ਉਕਤ ਸੱਟਡੀ ਲੀਵ ਦੇ ਬਦਲੇ ਵਿਚ ਸਰਕਾਰ ਦੀ 10 ਸਾਲ ਤੱਕ ਸੇਵਾ ਕਰਨ ਲਈ ਜਾਂ

8/6/15

ਰਿਟਾਇਰਮੈਂਟ ਦੀ ਮਿਤੀ ਤੱਕ ਜੋ ਵੀ ਪਹਿਲਾਂ ਹੋਵ ਜਾਂ 50 ਲੱਖ ਰੁਪੈ ਦਾ ਬਾਂਡ ਭਰ ਕੇ ਦੇਣਾ ਪਵੇਗਾ। ਜਿਹੜੇ ਵਿਸਿਆਂ ਵਿੱਚ ਟੀਚਰ ਉਪਲਬਧ ਜੇਕਰ ਉਹਨਾਂ ਵਿਸੀਆਂ ਵਿਚ ਕੋਈ ਕਰਮਚਾਰਨ ਐਮ ਐਸ ਸੀ ਕਰਦੀ ਹੈਤਾਂ ਆਪਣੇ ਖਰਚੇ ਤੇ ਆਪਣੀ ਬਣਦੀ ਛੁੱਟੀ ਲੈ ਕੇ ਕਰੇਗੀ ਅਤੇ ਇਹਨਾਂ ਕਰਮਚਾਰਨਾਂ ਨੂੰ ਨਰਸਿੰਗ ਫੈਕਲਟੀ ਦੀ ਅਸਾਮੀ ਖਾਲੀ ਹੋਣ ਤੇ ਨਿਯਮਾਂ ਅਧੀਨ ਹੀ ਵਿਚਾਰਿਆ ਜਾਵੇਗਾ।

(ੲ) ਬੀ ਐਸ ਸੀ ਨਰਸਿੰਗ ਕਰਮਚਾਰਨਾਂ ਜਦੋਂ ਤੱਕ ਐਮ ਐਸ ਸੀ ਪਾਸ ਨਹੀਂ ਕਰ ਲੈਂਦੀ ਤਾਂ ਉਦੋਂ ਤੱਕ ਇਹਨਾਂ ਕਰਮਚਾਰਨਾਂ ਦਾ ਕਾਡਰ ਡੀ ਐਚ ਐਸ ਪੰਜਾਬ ਦਾ ਰਹੇਗਾ ਅਤੇ ਇਹਨਾਂ ਕਰਮਚਾਰਨਾਂ ਨੂੰ ਕਿਸੇ ਵੀ ਕਾਰਨ ਡੀ ਐਚ ਐਸ ਪੰਜਾਬ ਅਧੀਨ ਬਦਲਿਆ ਜਾ ਸਕਦਾ ਹੈ।

(ਹ) ਜਿਹੜੀ ਬੀ ਐਸ ਸੀ ਸਟਾਫ ਨਰਸ ਕਰਮਚਾਰਨਾਂ ਪਹਿਲਾਂ ਤੋਂ ਹੀ ਕੰਮ ਕਰ ਰਹੀਆਂ ਹਨ, ਉਹਨਾਂ ਨੂੰ ਉਹਨਾਂ ਡੀ ਐਚ ਐਸ ਪੰਜਾਬ ਦਾ ਕਾਡਰ ਹੋਣ ਕਾਰਨ ਇਹਨਾਂ ਨੂੰ ਅਗਲੇ ਹੁਕਮਾਂ ਤੱਕ ਆਰਜੀ ਤੌਰ ਤੇ ਆਪਣੇ ਹੀ ਤਨਖਾਹ ਸਕੇਲ ਵਿਚ ਬਿਨਾਂ ਕਿਸੇ ਵਿੱਤੀ ਲਾਭ ਦੇ ਇਸ ਸਰਤ ਤੇ ਰੀ-ਡੇਜਿਗਨੇਟ ਕੀਤਾ ਜਾਵੇਗਾ ਕਿ ਇਹਨਾਂ ਕਰਮਚਾਰਨਾਂ ਦਾ ਕਾਡਰ ਡੀ ਐਚ ਐਸ ਪੰਜਾਬ ਦਾ ਹੀ ਰਹੇਗਾ ਅਤੇ ਇਹਨਾਂ ਨੂੰ ਕਿਸੇ ਵੀ ਕਾਰਨ ਕਰਕੇ ਡੀ ਐਚ ਐਸ ਪੰਜਾਬ ਅਧੀਨ ਬਦਲਿਆ ਜਾ ਸਕੇਗਾ। ਇਹਨਾਂ ਕਰਮਚਾਰਨਾਂ ਨੂੰ ਵੀ ਉਕਤ (ੳ), (ਅ) ਅਤੇ (ੲ) ਸਬ ਪੈਰਾ ਦੇ ਅਧੀਨ ਸਰਤਾਂ ਤੇ ਐਮ ਐਸ ਸੀ ਕਰਨ ਦੀ ਆਗਿਆ ਦਿੱਤੀ ਜਾ ਸਕੇਗੀ।

ਸਰਕਾਰ ਵਲੋਂ ਆਪਣੇ ਹੁਕਮ ਮਿਤੀ 24-6-2014 ਰਾਂਹੀਂ ਕੁਝ ਨਰਸਿੰਗ ਕਰਮਚਾਰਨਾਂ ਨੂੰ ਆਪਣੇ ਹੀ ਤਨਖਾਹ ਸਕੇਲ ਵਿਚ ਰੀ-ਡੇਜਿਗਨੇਟ ਕੀਤਾ ਗਿਆ ਸੀ। ਇਸ ਵਿਚ ਕੁਝ ਸਟਾਫ ਨਰਸਾਂ ਨੇ ਬੀ ਐਸ ਸੀ ਕੀਤੀ ਸੀ ਅਤੇ ਆਪਣੇ ਹੀ ਤਨਖਾਹ ਸਕੇਲ ਵਿਚ ਰੀ-ਡੇਜਿਗਨੇਟਿਡ ਸੀ। ਉਹਨਾਂ ਨੂੰ ਬਤੌਰ ਟਿਊਟਰ ਪੜਾਈ ਦੇ ਤਜਰਬਾ ਦਿੱਤਾ ਜਾਵੇਗਾ, ਟੀਚਿੰਗ ਕਾਡਰ ਦੀਆਂ ਅਸਾਮੀਆਂ ਲਈ ਨਿਰਧਾਰਤ ਰੂਲਾਂ ਅਨੁਸਾਰ ਹੀ ਵਿਚਾਰਿਆ ਜਾਵੇਗਾ।

ਇਹ ਸਪਸਟ ਕਰਨਾ ਯੋਗ ਹੋਵੇਗਾ ਕਿ ਕਾਲਜ ਆਫ ਨਰਸਿੰਗ ਅੰਮ੍ਰਿਤਸਰ ਅਤੇ ਪਟਿਆਲਾ ਲਈ ਨਰਸਿੰਗ ਟੀਚਿੰਗ ਫੈਕਲਟੀ ਲਈ ਤਿਆਰ ਕੀਤੇ ਰੂਲਾਂ ਅਨੁਸਾਰ ਕੇਵਲ ਐਮ ਐਸ ਸੀ (ਨਰਸਿੰਗ ) ਪਾਸ ਕਰਮਚਾਰਨਾਂ ਨੂੰ ਹੀ ਸਬੰਧਤ ਵਿਸਿਆਂ ਵਿਚ ਤਰੱਕੀ ਲਈ ਵਿਚਾਰੀਆ ਜਾਵੇਗਾ ।

ਇਹ ਹੁਕਮ ਸਮਰਥ ਅਧਿਕਾਰੀ ਦੀ ਪਰਵਾਨਗੀ ਨਾਲ ਵਿਭਾਗ ਦੀ ਵੈਬ-ਸਾਇਟ ਤੇ ਅਪ-ਲੋਡ ਕਰਨ ਲਈ ਜਾਰੀ ਕੀਤੇ ਜਾਂਦੇ ਹਨ।

8/6/15

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ।